# DEEPAK JAITOI DA KAVI SANSAR

# ਦੀਪਕ ਜੈਤੋਈ ਦਾ ਕਾਵਿ ਸੰਸਾਰ

**ਡਾ. ਬਲਜੀਤ ਸਿੰਘ ਗਿੱਲ** (Dr. Baljeet Singh Gill)

**ਓਫਿਸ਼ੀਏਟ ਪ੍ਰਿੰਸੀਪਲ**

**ਸੀ.ਜੀ.ਐਮ. ਕਾਲਜ, ਮੋਹਲਾ, ਸ੍ਰੀ ਮੁਕਤਸਰ ਸਾਹਿਬ (ਪੰਜਾਬ)**

Email ID: drbaljeet@gmail.com ਮੋਬਾਈਲ: +91- 94630-17742

**ABSTRACT**

*ਦੀਪਕ ਜੈਤੋਈ ਆਪਣੇ ਸਮੇਂ ਦਾ ਪ੍ਰਤਿਭਾਸ਼ਾਲੀ ਕਵੀ, ਗੀਤਕਾਰ ਅਤੇ ਗ਼ਜ਼ਲਗੋ ਹੈ। ਉਸ ਉਸਦੇ ਕਾਵਿ ਸੰਸਾਰ ਵਿਸ਼ੇਸ ਗੁਣਾਂ ਦਾ ਧਾਰਨੀ ਹੈ। ਦੀਪਕ ਜੈਤੋਈ ਪੰਜਾਬੀ ਸੱਭਿਆਚਾਰ ਦੀ ਅਭਿਵਿਅਕਤੀ ਲੋਕ ਭਾਸ਼ਾ ਵਿੱਚ ਕਰਨ ਵਾਲਾ ਪ੍ਰਬੁੱਧ ਕਲਾਕਾਰ ਹੈ। ਇਸ ਖੋਜ ਪੱਤਰ ਵਿੱਚ ਦੀਪਕ ਜੈਤੋਈ ਦੀ ਸਿਰਜਣ ਸ਼ਕਤੀ ਦੇ ਵੱਖ ਵੱਖ ਪੱਖਾਂ ਦਾ ਅਧਿਐਨ ਕੀਤਾ ਗਿਆ ਹੈ। ਦੀਪਕ ਜੈਤੋਈ ਦੀ ਸਮੁੱਚੀ ਕਾਵਿ ਸਿਰਜਣਾ , ਜਿਸ ਵਿਚ ਗੀਤ ਗਜ਼ਲ ਕਵਿਤਾ ਸ਼ਾਮਿਲ ਹੈ ਨੂੰ ਅਧਿਐਨ ਵਸਤੂ ਵਜੋਂ ਲਿਆ ਗਿਆ ਹੈ। ਦੀਪਕ ਜੈਤੋਈ ਦੁਆਰਾ ਰਚਿਤ ਭਿੰਨ-ਭਿੰਨ ਕਾਵਿ ਰੂਪਾਂ ਦੀਆਂ ਉਹਨਾਂ ਖੂਬੀਆਂ ਨੂੰ ਵਿਚਾਰਿਆ ਗਿਆ ਹੈ ਉਸਦੀ ਜੈਤੋਈ ਦੀ ਸਿਰਜਨਾਤਮਕਤਾ ਨੂੰ ਹੋਰ ਗਹਿਰਾ ਗੁਣਾਤਮਕ ਅਤੇ ਵਿਸ਼ਾਲ ਬਣਾਉਂਦੀਆਂ ਹਨ। ਦੀਪਕ ਜੈਤੋਈ ਦੇ ਆਉਣ ਨਾਲ ਪੰਜਾਬੀ ਗਜ਼ਲ ਰੂਪਗਤ ਪੱਖ ਤੋਂ ਕਿਸ ਤਰ੍ਹਾਂ ਵਿਕਾਸ ਕਰਦੀ ਹੈ। ਇਹ ਵੀ ਇਸ ਖੋਜ ਪੱਤਰ ਦਾ ਅਧਿਐਨ ਕੇਂਦਰ ਬਣਿਆ ਹੈ।*

***ਕੀਵਰਡ : ਆਧੁਨਿਕ, ਅਭਿਵਿਅਕਤੀ, ਸਰਦਾਰੀ, ਮਜਰਮ, ਉਦਗਾਰ, ਗ਼ਜ਼ਲੀਅਤ, ਇਤਿਹਾਸਕ, ਮਿੱਥ, ਹਕੀਕਤ, ਰਵਾਨੀ, ਮਹਿਰਮ, ਗ਼ਜ਼ਲ।***

ਦੀਪਕ ਜੈਤੋਈ ਆਧੁਨਿਕ ਪੰਜਾਬੀ ਗ਼ਜ਼ਲ ਵਿੱਚ ਵਿਸ਼ੇਸ਼ ਅੰਦਾਜ਼ ਦਾ ਨਾਂਅ ਹੈ। ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਦੀਪਕ ਜੈਤੋਈ ਆਉਣ ਨਾਲ ਗ਼ਜ਼ਲ ਵਿੱਚ ਅਹਿਸਾਸ ਦੀ ਤਾਜ਼ਗੀ, ਅਭਿਵਿਅਕਤੀ ਵਿੱਚ ਨਵੀਨਤਾ, ਤਕਨੀਕੀ ਪੁਖ਼ਤਗੀ ਅਤੇ ਵਿਚਾਰਾਂ ਵਿੱਚ ਗੰਭੀਰਤਾ ਵੀ ਆ ਜਾਂਦੀ ਹੈ। ਉਹ ਕਲਪਨਾ ਦੀ ਉਡਾਰੀ ਅਤੇ ਰੂਪਗਤ ਪੱਖ ਤੋਂ ਨਵੇਂ ਪ੍ਰਯੋਗ ਕਰਕੇ ਆਪਣੇ ਕਾਵਿ ਸੰਸਾਰ ਦਾ ਨਿਰਮਾਣ ਕਰਨ ਵਾਲਾ ਲੇਖਕ ਹੈ। ਪ੍ਰੇਮ- ਸਬੰਧਾਂ ਵਿੱਚੋਂ ਪੈਦਾ ਹੋਣ ਵਾਲੀ ਵੇਦਨਾ ਅਤੇ ਸਮਾਜਿਕ ਯਥਾਰਥ ਦੀਪਕ ਜੈਤੋਈ ਦੇ ਕਾਵਿ ਸਿਰਜਣ ਦੇ ਪ੍ਰਮੁੱਖ ਤੇ ਮੂਲ ਸਰੋਕਾਰ ਹਨ। ਜਦੋਂ ਉਹ ਇਹਨਾਂ ਸਰੋਕਾਰਾਂ ਨੂੰ ਗ਼ਜ਼ਲ ਦੇ ਰੂਪ ਵਿੱਚ ਪਾਠਕਾਂ ਅਤੇ ਸਰੋਤਿਆਂ ਸਾਹਮਣੇ ਪੇਸ਼ ਕਰਦਾ ਹੈ ਤਾਂ ਪਾਠਕ ਉਸਦੀ ਕਾਵਿ ਕਲਾ ਤੋਂ ਮੁਤਾਸਿਰ ਹੋਏ ਬਿਨਾਂ ਨਹੀਂ ਰਹਿ ਸਕਦੇ। ਦੀਪਕ ਜੈਤੋਈ ਦੀ ਕਾਵਿ ਸਿਰਜਣਾ ਸ਼ਕਤੀ ਅਪਣੀ ਕਿਸਮ ਦੀ ਨਿਵੇਕਲੀ ਮਿਸਾਲ ਹੈ। ਦੀਪਕ ਜੈਤੋਈ ਪੰਜਾਬੀ ਗ਼ਜ਼ਲ ਪਾਠਕਾਂ ਅਤੇ ਸਰੋਤਿਆਂ ਵਿੱਚ ਉਹ ਇੰਨਾ ਜ਼ਿਆਦਾ ਮਕਬੂਲ ਸੀ ਕਿ ਉਸਦੇ ਨਾਂਅ ਨਾਲ ਪੰਜਾਬੀ ਦੇ ਮੀਰ-ਤਕੀ-ਮੀਰ ਨਾਲ ਤੁਲਨਾਇਆ ਜਾਣ ਲੱਗਾ। ਉਸ ਦੇ ਲਿਖੇ ਗੀਤ "ਆਹ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ" ਨੂੰ ਕਿੰਨੇ ਲੋਕਾਂ ਨੇ ਲੋਕ-ਗੀਤ ਸਮਝਿਆ ਜੋ ਕਿ ਦੀਪਕ ਜੈਤੋਈ ਦੀ ਕਾਵਿ ਸੰਸਾਰ ਦੀ ਸਮਰੱਥਾ ਨੂੰ ਵਿਅਕਤ ਕਰਦੇ ਤੱਥ ਹਨ। ਉਸਨੇ ਕਿੰਨੇ ਹੀ ਸੱਭਿਆਰਚਾਰਕ ਗੀਤਾਂ ਦੀ ਰਚਨਾ ਕਰਕੇ ਪੰਜਾਬੀ ਸੱਭਿਆਚਾਰ ਦੇ ਵਿਲੱਖਣ ਪੱਖਾਂ ਨੂੰ ਨਵੇਂ ਸਿਰਿਓਂ ਉਗਾੜਣ ਦਾ ਤਰੱਦਦ ਕੀਤਾ।

ਦੀਪਕ ਜੈਤੋਈ ਦਾ ਜਨਮ 18 ਅਪ੍ਰੈਲ 1925 ਨੂੰ ਫ਼ਰੀਦਕੋਟ ਸ਼ਹਿਰ ਦੇ ਇਤਿਹਾਸਕ ਕਸਬੇ ਜੈਤੋ ਵਿਖੇ ਇਕ ਸਧਾਰਨ ਪਰਿਵਾਰ ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਇੰਦਰ ਸਿੰਘ ਅਤੇ ਮਾਤਾ ਦਾ ਨਾਮ ਸ੍ਰੀਮਤੀ ਵੀਰ ਕੌਰ ਸੀ। ਦੀਪਕ ਦਾ ਅਸਲ ਨਾਂ ਗੁਰਚਰਨ ਸਿੰਘ ਸੀ। ਦੀਪਕ ਜੈਤੋਈ ਜੀ ਨੇ ਸਿਰਫ਼ ਪੰਜਵੀਂ ਤੱਕ ਹੀ ਰਸਮੀ ਪੜ੍ਹਾਈ ਕੀਤੀ। ਇਸ ਤੋਂ ਬਾਅਦ ਆਪ ਆਪਣੇ ਪਿਤਾ ਜੀ ਨਾਲ ਸੁਨਿਆਰੇ ਦਾ ਕਿੱਤਾ ਕਰਨ ਲੱਗ ਪਏ। ਦੀਪਕ ਜੈਤੋਈ ਨੂੰ ਬਚਪਨ ਤੋਂ ਹੀ ਪੜ੍ਹਨ ਦੀ ਬਹੁਤ ਚੇਟਕ ਸੀ। ਉਹ ਸਮਕਾਲੀ ਸਾਹਿਤ ਨੂੰ ਜਿੱਥੇ ਰੀਝ ਨਾਲ ਪੜ੍ਹਦੇ ਸਨ ਉੱਥੇ ਨਾਲ ਹੀ ਦੋਸਤਾਂ-ਮਿੱਤਰਾਂ ਨਾਲ ਸਮਕਾਲੀ ਸਾਹਿਤ ਤੇ ਵਿਚਾਰ ਵਟਾਂਦਰਾ ਅਤੇ ਟੀਕਾ ਟਿੱਪਣੀ ਕਰਕੇ ਉਸਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਗ਼ਜ਼ਲ ਅਤੇ ਗੀਤ ਵਿੱਚ ਪਰਪੱਕਤਾ ਹਾਸਲ ਕਰਨ ਲਈ ਉਸਤਾਦ ਮੁਜਰਮ ਦਸੂਹੀ ਜੀ ਨੂੰ ਆਪਣਾ ਉਸਤਾਦ ਧਾਰਿਆ ਸੀ।

ਦੀਪਕ ਜੈਤੋਈ ਪੰਜਾਬੀ ਸਾਹਿਤ ਦੇ ਉੱਘੇ ਗੀਤਕਾਰ, ਗ਼ਜ਼ਲਗੋ, ਅਤੇ

ਕਵੀ ਸਨ। ਉਸਦੀ ਬਹੁਤੀ ਪ੍ਰਸਿੱਧੀ ਇਕ ਗ਼ਜ਼ਲਗੋ ਦੇ ਕਰਕੇ ਹੀ ਹੋਈ ਹੈ। ਸੋ ਦੀਪਕ ਜੈਤੋਈ ਦੇ ਕਾਵਿ ਸੰਸਾਰ ਦੀ ਗੱਲ ਕਰਨ ਤੋਂ ਪਹਿਲਾਂ ਗ਼ਜ਼ਲ ਦੇ ਸ਼ਾਬਦਿਕ ਅਰਥ ਸਮਝਣ ਲਈ ਹੇਠ ਲਿਖੇ ਮਤ ਦੇਖ ਸਕਦੇ ਹਾਂ -

*"ਗਜ਼ਲ ਐਲੇ ਮਿਆਰੀ, ਸਾਰਥਕ ਅਤੇ ਤਕਨੀਕ ਵਿੱਚ ਪਰਿਪੂਰਨ ਸਿਅਰਾਂ ਦਾ ਸੰਕਲਨ ਹੁੰਦਾ ਹੈ, ਜਿੰਨਾਂ ਵਿੱਚ ਹਮਕਾਫ਼ੀਆ ਲਹਿਜ਼ਾ ਖ਼ੂਬੀ ਵਜੋਂ ਸ਼ਾਮਲ ਰਹਿੰਦਾ ਹੈ ਅਤੇ ਸਾਰੇ ਸ਼ਿਅਰ ਵਿਸ਼ੇਸ ਸ਼ੈਲੀ ਵਿੱਚ ਬੱਝੇ ਹੋਏ ਵੀ ਅਜ਼ਾਦ ਹੁੰਦੇ ਹਨ।"* [1]

ਕੁਝ ਵਿਦਵਾਨਾਂ ਨੇ ਗ਼ਜ਼ਲ ਦਾ ਹੋਰ ਅਰਥ ਇਸ ਪ੍ਰਕਾਰ ਸਪੱਸ਼ਟ ਕੀਤਾ ਹੈ ਕਿ 'ਗ਼ਜ਼ਾਲ' ਸ਼ਬਦ ਜੋ ਅਰਬੀ ਭਾਸ਼ਾ ਦਾ ਸ਼ਬਦ ਹੈ, ਉਸਦੇ ਅਰਥ ਹਨ 'ਹਰਨੋਟਾ' (ਜਵਾਨ ਹਿਰਨ) ਹਿਰਨ ਜਦੋਂ ਸ਼ਿਕਾਰੀ ਦੇ ਜਾਲ ਵਿਚ ਫਸਿਆ ਹੋਵੇ, ਉਸ ਵੇਲੇ ਉਸਦੇ ਗਲੇ ਵਿਚੋਂ ਬੇਵਸੀ, ਮਜ਼ਬੂਰੀ, ਲਾਚਾਰੀ, ਰਿਹਾਈ ਲਈ ਤੜਪ ਅਤੇ ਤਰਲੇ ਭਰੀ ਜੋ ਆਵਾਜ਼ ਨਿਕਲਦੀ ਹੈ, ਜਿਸ ਆਵਾਜ਼ ਵਿਚ ਡਰ, ਸਹਿਮ, ਦੁਆ ਅਤੇ ਪੁਕਾਰ ਦੇ ਮਿਲੇ-ਜੁਲੇ ਭਾਵ ਸ਼ਾਮਲ ਹੁੰਦੇ ਹਨ, ਅਜੇਹੇ ਕਰੁਣਾਮਈ ਉਦਗਾਰਾਂ ਨਾਲ ਓਤ-ਪੋਤ ਸ਼ਿਅਰ ਵੀ ਗਜ਼ਲ ਦੇ ਸ਼ਿਅਰ ਮੰਨੇ ਜਾ ਸਕਦੇ ਹਨ।

ਇਨਾਂ ਸੂਖ਼ਮ ਅਹਿਸਾਸਾਂ ਦੀ ਅਭਿਵਿਅਕਤ ਕਰਨ ਦਾ ਤਰੀਕਾ ਹੀ 'ਗਜ਼ਲ' ਅਖਵਾਉਂਦਾ ਹੈ, ਜਿਸਦੇ ਪਰੰਪਰਾਗਤ ਵਿਦਵਾਨ ਸ਼ਾਇਰਾਂ ਨੇ ਅੱਗੇ ਤਿੰਨ ਰੰਗ ਮੰਨੇ ਹਨ। ਇਹ ਤਿੰਨ ਰੰਗ ਹਨ: (1) ਆਸ਼ਕਾਨਾ (2) ਰਿੰਦਾਨਾ (3) ਸੂਫ਼ੀਆਨਾ। ਪਰੰਪਰਾਗਤ ਵਿਦਵਾਨ ਮੰਨਦੇ ਹਨ ਕਿ ਗ਼ਜ਼ਲ ਵਿਚ ਕੋਈ ਵੀ ਮਜ਼ਮੂਨ ਕਲਮਬੰਦ ਕਰਨਾ ਹੋਵੇ, ਉਹ ਉਪਰੋਕਤ ਤਿੰਨ ਰੰਗਾਂ ਵਿਚ ਹੀ ਬਿਆਨ ਕਰਨਾ ਚਾਹੀਦਾ ਹੈ। ਦੀਪਕ ਜੈਤੋਈ ਗਜ਼ਲ ਦੀ ਜ਼ੁਬਾਨ ਦੀ ਪਰਿਭਾਸ਼ਾ ਬਾਕੀ ਵਿਦਵਾਨਾਂ ਤੋਂ ਅਲਗ ਦਿੰਦੇ ਹੋਏ ਲਿਖਦੇ ਹਨ -

"ਗ਼ਜ਼ਲ ਵਿਚ ਜ਼ਿੰਦਗੀ ਦੀ ਹਰ ਹਕੀਕਤ ਬਿਆਨ ਕੀਤੀ ਜਾ ਸਕਦੀ ਹੈ । ਸ਼ਰਤ ਕੇਵਲ ਇਹ ਹੈ ਕਿ ਉਸਦਾ ਬਿਆਨ ਢੰਗ ਗ਼ਜ਼ਲ ਦੇ ਅੰਦਾਜ਼ ਵਿਚ ਹੋਣਾ ਚਾਹੀਦਾ ਹੈ । ਠਾਹ ਸੋਟੇ ਵਾਲੀ ਗੱਲ ਨਹੀਂ ਹੋਣੀ ਚਾਹੀਦੀ, ਤਾਂ ਜੋ ਗ਼ਜ਼ਲੀਅਤ ਉਜਾਗਰ ਹੋ ਸਕਦੀ ਹੈ ।" [2]

ਦੀਪਕ ਜੈਤੋਈ ਆਪਣੀ ਇਸੇ ਧਾਰਨਾ ਦੇ ਤਹਿਤ ਗ਼ਜ਼ਲ ਦੀ ਸਿਰਜਣਾ ਕੀਤੀ ਹੈ। ਉਸਨੇ ਪੰਜਾਬੀ ਗ਼ਜ਼ਲ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕੀਤਾ। ਉਸਨੇ ਪੰਜਾਬੀ ਗ਼ਜ਼ਲ ਨੂੰ ਮਹੀਨ ਵਿਸ਼ੇ ਪ੍ਰਦਾਨ ਕਰਨ ਦੀ ਕੋਸ਼ਿਸ ਕੀਤੀ। ਇਸ ਦੇ ਕੁਝ ਉਦਹਾਰਨ ਇਸ ਪ੍ਰਕਾਰ ਹਨ-

*ਕਤਲ ਕਰ ਦਿੰਦਾ ਹੈ ਫਰਿਆਦ ਇਹ ਬੋਲਾ ਮੁਨਸਿਫ਼,*
*ਲਬ ਤੇ ਫਰਿਆਦ ਲਿਆਉਂਦੇ ਵੀ ਹਯਾ ਆਉਂਦੀ ਹੈ।*

*ਜਿਸ ਥਾਂ ਮੈਂ ਜਾ ਕੇ ਬੈਠਾਂ ਉਹ ਥਾਂ ਹੈ ਮਹਿਕ ਉੱਠਦੀ,*
*ਸਾਹਾਂ ਵਿੱਚ ਖ਼ਬਰੇ ਖ਼ੁਸ਼ਬੂ ਜ਼ੁਲਫ਼ਾਂ ਦੀ ਰਲ ਗਈ ਹੈ।*

ਦੀਪਕ ਜੈਤੋਈ ਦੀ ਪੰਜਾਬੀ ਗ਼ਜ਼ਲ ਦੀ ਇੱਕ ਹੋਰ ਸ਼ਿਲਪਗਤ ਖ਼ੂਬੀ ਇਸਦੀ ਮੁਹਾਵਰੇਦਾਰ ਭਾਸ਼ਾ ਹੁੰਦਾ ਹੈ। ਸ਼ਾਇਰੀ 'ਚ ਮੁਹਾਵਰਾ ਸੁਹਜ ਦਾ ਵਿਸ਼ੇਸ਼ ਸਥਾਨ ਹੈ। ਇਸਤੋਂ ਸ਼ਾਇਰ ਦੀ ਬੋਲੀ ਦੀ ਮੁਹਾਰਤ ਦਾ ਪਤਾ ਲੱਗਦਾ ਹੈ। ਦੂਸਰਾ ਮੁਹਾਵਰੇ ਦੀ ਵਰਤੋਂ ਨਾਲ ਵੱਡੀ ਗੱਲ ਨੂੰ ਕੁੱਝ ਸ਼ਬਦਾਂ 'ਚ ਕਿਹਾ ਜਾ ਸਕਦਾ ਹੈ। ਦੀਪਕ ਜੈਤੋਈ ਦੀਆਂ ਗ਼ਜ਼ਲਾਂ ਵਿੱਚ ਮੁਹਾਵਰੇ ਦੀ ਸੁੰਦਰ ਵਰਤੋਂ ਦੇ ਅਨੇਕ ਪ੍ਰਮਾਣ ਹਨ -

*ਮੂੰਹ ਦਾ ਮਿੱਠਾ, ਕੰਨਾਂ ਦਾ ਕੱਚਾ, ਨਜ਼ਰ ਦਾ ਚੋਰਟਾ,*
*ਇਹ ਹਕੀਕਤ ਹੈ ਉਹ ਬੰਦਾ ਮੁਅਤਬਰ ਹੁੰਦਾ ਨਹੀਂ।*

*ਕੱਚ ਤੇ ਹੀਰੇ 'ਚ ਜਿਸਨੂੰ ਫ਼ਰਕ ਨਾ ਆਵੇ ਨਜ਼ਰ,*
*ਇਸ ਤਰ੍ਹਾਂ ਦਾ ਆਦਮੀ ਅਹਿਲੇ-ਨਜ਼ਰ ਹੁੰਦਾ ਨਹੀਂ।*

ਉਸਤਾਦ ਦੀਪਕ ਜੈਤੋਈ ਪੰਜਾਬੀ ਗ਼ਜ਼ਲ ਦੀ ਭਾਸ਼ਾ ਦੀ ਇੱਕ ਹੋਰ ਵੱਡੀ ਸਿਫ਼ਤ ਉਸ ਵਿਚਲਾ ਵਿਅੰਗ ਹੈ। ਉਹ ਆਧੁਨਿਕ ਸਮਾਜ ਦੇ ਥੋਥੇ ਤੇ ਨਿੱਘਰੇ ਰੂਪਾਂ, ਆਧੁਨਿਕ ਮਨੁੱਖ ਦੀ ਝੂਠੀ ਸ਼ਾਨ-ਸ਼ੌਕਤ ਉਪਰਲੀ ਚਮਕ ਦਮਕ ਤੇ ਪੋਚਾ ਪਾਂਚੀ, ਰਾਜਨੀਤਕ ਨੇਤਾਵਾਂ ਦੇ ਝੂਠੇ ਵਾਅਦਿਆਂ, ਧਰਮ ਦੇ ਅਖੌਤੀ ਠੇਕੇਦਾਰਾਂ ਅਤੇ ਆਧੁਨਿਕ ਪ੍ਰੇਮੀਆਂ ਉੱਪਰ ਇੱਕੋ ਜਿਹੀ ਸ਼ਕਤੀ ਨਾਲ ਵਿਅੰਗ ਕੱਸਦਾ ਹੈ।

ਦੀਪਕ ਜੈਤੋਈ ਦੀ ਗਜ਼ਲ ਹਮੇਸ਼ਾ ਸਮਾਜਿਕ ਬਰਾਬਰਤਾ ਦੀ ਗੱਲ ਕਰਦੀ ਹੈ। ਉਸਦੀ ਕਟਾਖਸ਼ਮਈ ਸ਼ੈਲੀ ਦੇ ਕੁੱਝ ਉਦਾਹਰਣ ਪੇਸ਼ ਹਨ -

*ਮਜ਼ਹਬੀ ਨਫ਼ਰਤ ਵਧਾਕੇ ਫਿਰ ਕਰਾ ਦਿੱਤਾ ਫਸਾਦ,*
*ਸੇਖ ਤੇ ਪੰਡਤ ਦੀ ਕਿਸਮਤ ਹੀ ਖਰੀ ਸੀ ਮੈਂ ਨਾ ਸੀ।*

*ਦੋਸਤ ਕੁੱਝ ਉਹ ਭੀ ਸੀ ਜਿਹੜੇ ਜਾਨ ਦੇ ਦੁਸ਼ਮਣ ਬਣੇ,*

*ਉਹ ਭੀ ਕੁੱਝ ਦੁਸ਼ਮਣ ਸੀ, ਜਿਹੜੇ ਜਾਨ ਤੋਂ ਪਿਆਰੇ ਰਹੇ।*

ਜਨਾਬ ਦੀਪਕ ਜੈਤੋਈ ਦੀ ਪੰਜਾਬੀ ਗ਼ਜ਼ਲ ਦੀ ਅਲੰਕਾਰ ਯੋਜਨਾ ਵੀ ਵੇਖਣਯੋਗ ਹੈ। ਅਲੰਕਾਰਾਂ ਦੇ ਸ਼ਾਬਦਿਕ ਅਰਥ ਹਨ। ਆਭੂਸ਼ਣ ਜਾਂ ਗਹਿਣਾ ਜਿਵੇਂ ਕਿ ਹਰ ਮੁਟਿਆਰ ਗਹਿਣਿਆਂ ਤੋਂ ਬਗੈਰ ਜਚਦੀ ਨਹੀਂ। ਦੀਪਕ ਜੈਤੋਈ ਦੀ ਪੰਜਾਬੀ ਗ਼ਜ਼ਲ ਵਿੱਚ ਕੁੱਝ ਅਲੰਕਾਰਾਂ ਦੀ ਵਰਤੋਂ ਸਹਿਜ ਸੁਭਾਅ ਹੀ ਹੋਈ ਹੈ। ਵਿਸ਼ੇਸ਼ ਪ੍ਰਯਤਨ ਜਾਂ ਉਚੇਚ ਨਾਲ ਨਹੀਂ। ਜਨਾਬ ਦੀਪਕ ਜੈਤੋਈ ਦੀ ਪੰਜਾਬੀ ਗ਼ਜ਼ਲ ਵਿੱਚੋਂ ਕੁੱਝ ਉਦਾਹਰਣ ਹੇਠਾਂ ਪੇਸ਼ ਹਨ:

*ਉਫ਼ ਇਹ ਮਜਬੂਰੀ ਕਿ ਜੀਅ ਸਕਣਾ ਨਹੀਂ ਹੁਣ ਵਸ ਦੀ ਬਾਤ,*
*ਚੱਜ ਦਾ ਮਰਨਾ ਭੀ ਜੇ ਚਾਹੀਏ ਤਾਂ ਮਰ ਹੁੰਦਾ ਨਹੀਂ।*

ਇਤਿਹਾਸਕ, ਮਿਥਿਹਾਸਕ ਤੇ ਪੌਰਾਣਿਕ ਬਿੰਬ:ਇਤਿਹਾਸਕ, ਮਿਥਿਹਾਸਕ ਤੇ ਪੌਰਾਣਿਕ ਬਿੰਬਾਂ ਦਾ ਆਧੁਨਿਕ ਪੰਜਾਬੀ ਗ਼ਜ਼ਲ ਵਿੱਚ ਵਿਸ਼ੇਸ਼ ਸਥਾਨ ਹੈ। ਮਿਥਿਹਾਸ ਕਾਵਿ ਬਿੰਬਾਂ ਲਈ ਇੱਕ ਅਨੂਪਮ ਖਜ਼ਾਨਾ ਹੈ ਜਿਸਦੇ ਭੰਡਾਰੇ ਕਦੀ ਸੱਖਣੇ ਨਹੀਂ ਹੁੰਦੇ ਤੇ ਜਿਸ ਦੀਆਂ ਸੰਭਾਵਨਾਵਾਂ ਦਾ ਕਦੀ ਕੋਈ ਅੰਤ ਨਹੀਂ ਹੁੰਦਾ। ਮਿਥਿਹਾਸ 'ਚੋਂ ਆਇਆ ਕਾਵਿ ਬਿੰਬ ਕਵੀ ਦੀ ਰਚਨਾ ਨੂੰ ਅਨੇਕ ਪੱਖੀ ਅਰਥ ਪ੍ਰਦਾਨ ਕਰਦਾ ਹੈ ਜਿਸ ਦੁਆਰਾ ਕਵੀ ਦੇਸ਼ ਤੇ ਕਾਲ ਦੀਆਂ ਹੱਦਾਂ ਨੂੰ ਪਾਰ ਕਰਦਾ ਹੈ। ਸਾਡੀ ਚਰਚਾ ਅਧੀਨ ਗ਼ਜ਼ਲਗੋ ਮਰਹੂਮ ਦੀਪਕ ਜੈਤੋਈ ਜੀ ਨੇ ਵੀ ਕੁੱਝ ਇਤਿਹਾਸਕ, ਮਿਥਿਹਾਸਕ ਅਤੇ ਪੌਰਾਣਿਕ ਬਿੰਬ ਵੀ ਵਰਤੇ ਹਨ -

*ਸ਼ਮਸ਼ ਵਾਂਗੂੰ ਖੱਲ ਤਾਂ ਮੇਰੀ ਲੁਹਾ ਸਕਦੈਂ ਤੂੰ,*
*ਠੀਕ ਮੇਰੇ ਸੂਰਜ ਯਾਰ ਲਾਗੇ ਪਰ ਕਿਵੇਂ ਆਏਗਾ।*

*ਮੇਰੇ ਲੂੰ ਲੂੰ ਵਿੱਚ ਅਜੇ ਵੀ ਕੂਕਦਾ ਮਨਸੂਰ ਹੈ,*
*ਮੈਂ ਖ਼ੁਦਾ ਹਾਂ ਮੈਨੂੰ ਪੱਥਰਾਂ ਵਿੱਚ ਕੀ ਦਫਨਾਉਗੇ।*

*ਕੌਣ ਖੱਲ ਖਿਚਾਏ ਜਾਂ ਸੂਲੀ ਚੜ੍ਹੇ,*
*ਹੁਣ ਕੋਈ ਤਬਰੇਜ਼ ਨਾ ਮਨਸੂਰ ਹੈ।*

ਦੀਪਕ ਜੈਤੋਈ ਦੀ ਪੰਜਾਬੀ ਗ਼ਜ਼ਲ ਨੂੰ ਸਭ ਤੋਂ ਵੱਡੀ ਦੇਣ ਗ਼ਜ਼ਲ ਦੀ ਰੂਪਗਤ ਚੇਤਨਾ ਪੈਦਾ ਕਰਨੀ ਹੈ। ਦੀਪਕ ਜੈਤੋਈ ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਵਜੋਂ ਜਾਣੇ ਜਾਂਦੇ ਹਨ ਕਿਉਂਕਿ ਆਮ ਵਿਦਵਾਨਾਂ ਤੇ ਪਾਠਕਾਂ ਨੇ ਉਨ੍ਹਾਂ ਦੀਆਂ ਗਜ਼ਲਾਂ ਦੀ ਉੱਚ ਕਲਾਤਮਕਤਾ ਦੀ ਵਡਿਆਈ ਦਾ ਵਰਨਣ ਕੀਤਾ ਹੈ। ਇਸੇ ਕਾਰਨ ਉਹ ਉਸਤਾਦ ਗ਼ਜ਼ਲਗੋ ਵਜੋ ਜਾਣੇ ਜਾਂਦੇ ਹਨ। ਦੀਪਕ ਜੈਤੋਈ ਇਕ ਸਮਰੱਥ ਗ਼ਜ਼ਲਗੋਅ ਹਨ।

ਦੀਪਕ ਜੈਤੋਈ ਦੀ ਗ਼ਜ਼ਲ ਦੇ ਨਾਲ-ਨਾਲ ਬਹੁਤ ਸਾਰੇ ਗੀਤਾਂ ਦੀ ਰਚਨਾ ਵੀ ਕੀਤੀ ਹੈ। ਆਮ ਲੋਕਾਂ ਵਿੱਚ ਉਸਦੀ ਪਛਾਣ ਉਸਦੇ ਗੀਤਾਂ ਕਰਕੇ ਹੀ ਹੋਈ ਹੈ। ਉਸਨੇ ਦੇਸ਼ ਪਿਆਰ, ਮਹੁੱਬਤ ਅਤੇ ਸਮਾਜਿਕ ਗੀਤਾਂ ਦੇ ਨਾਲ-ਨਾਲ ਬੜੇ ਉੱਚ ਪਾਏ ਦੇ ਧਾਰਮਿਕ ਗੀਤਾਂ ਦੀ ਰਚਨਾ ਵੀ ਕੀਤੀ। ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸਬੰਧਤ ਇਹ ਗੀਤ ਕੁਰਬਾਨੀ ਦੇ ਜਜ਼ਬੇ ਦੀ ਵਡਿਆਈ ਕਰਦੇ ਨਜ਼ਰ ਆਉਂਦੇ ਹਨ। ਆਪਣਿਆਂ ਯੋਧਿਆਂ ਅਤੇ ਨਾਇਕਾਂ ਦਾ ਗੁਣਗਾਨ ਕਰਨਾ ਸਾਡੀ ਸੱਭਿਆਚਾਰਕ ਪਰੰਪਰਾ ਰਹੀ ਹੈ ਜਿਸ ਵਿੱਚ ਦੀਪਕ ਜੈਤੋਈ ਇਕ ਵਿਲੱਖਣ ਤਾਂ ਰੱਖਦਾ ਹੈ। ਇਸ ਸੰਦਰਭ ਵਿਚ ਉਸਦੇ ਲਿਖੇ ਗੀਤ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ -

*ਹੇ ਸਤਿਗੁਰ ਪਰਉਪਕਾਰੀ-ਸਾਡੇ ਤੇ ਕਰਮ ਕਮਾਓ ਜੀ,*
*ਸਾਨੂੰ ਘੇਰ ਲਿਆ ਤੂਫ਼ਾਨਾਂ ਨੇ ਸਾਡੀ, ਬੇੜੀ ਬੰਨੇ ਲਾਓ ਜੀ।*

*ਦਾਤਾ ਜੀ ਵਕਤ ਦੇ ਮਾਰੇ,*
*ਅਸੀਂ ਧੁਰ ਕਸ਼ਮੀਰੋਂ ਆਏ।*

ਸਾਡੀ ਲਾਸਾਨੀ ਪਰੰਪਰਾ ਦੇ ਗੁਣਗਾਨ ਕਰਨ ਤੋਂ ਬਿਨਾਂ ਦੀਪਕ ਜੈਤੋਈ ਨੇ ਪਿਆਰ ਅਤੇ ਨਿੱਜੀ ਵਲਵਲਿਆਂ ਨਾਲ ਸਬੰਧਤ ਗੀਤ ਵੱਡੀ ਮਾਤਰਾ ਵਿੱਚ ਲਿਖੇ। ਇਹ ਗੀਤ ਮਨੁੱਖੀ ਮਨ ਦੇ ਵਲਵਲਿਆਂ ਅਤੇ ਭਵਨਾਵਾਂ ਦੀ ਤਰਜ਼ਮਾਨੀ ਕਰਦੇ ਹੋਏ ਸਾਡੇ ਸੱਭਿਆਚਾਰ ਦੀ ਤਸਵੀਰਕਸ਼ੀ ਕਰਦੇ ਹਨ। ਇਹ ਗੀਤ ਲੋਕਾਂ ਵਿੱਚ ਲੋਕ-ਗੀਤਾਂ ਵਾਂਗ ਪ੍ਰਚਲਿਤ ਹੋਏ। ਇਹਨਾਂ ਗੀਤਾਂ ਨੂੰ ਪੰਜਾਬੀ ਸੁਆਣੀਆਂ ਨੇ ਚਾਦਰਾਂ ਅਤੇ ਸਿਰਹਾਣਿਆਂ ਤੇ ਕਢਾਈ ਦੇ ਰੂਪ ਵਿੱਚ ਸਾਂਭ ਕੇ ਰੱਖਿਆ। ਇਨ੍ਹਾਂ ਗੀਤਾਂ ਵਿੱਚੋਂ ਜਿੱਥੇ ਸਮਕਾਲੀ ਸਮਾਜ ਦੀ ਯਥਾਰਥਕ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ, ਉੱਥੇ ਨਾਲ ਹੀ ਔਰਤ-ਮਰਦ ਦੇ ਮਨ ਦੀਆਂ ਅਕਾਂਖਿਆਵਾਂ ਅਤੇ ਸੁਪਨਿਆਂ ਦੀ ਖ਼ੂਬਸੂਰਤ ਅਭਿਵਿਅਕਤੀ ਹੋਈ ਮਿਲਦੀ ਹੈ। ਇਨ੍ਹਾਂ ਗੀਤਾਂ ਵਿੱਚ ਪ੍ਰੇਮੀ-ਪ੍ਰੇਮਿਕਾ, ਪਤੀ-ਪਤਨੀ, ਨਣਦ-ਭਰਜਾਈ, ਨੂੰਹ ਸੱਸ ਮਾਂ-ਧੀ ਅਤੇ ਦਿਓਰ-ਭਰਜਾਈ ਵਰਗੇ ਮਨੁੱਖੀ ਰਿਸ਼ਤਿਆਂ ਅਤੇ ਸਮਾਜਿਕ ਸਮੱਸਿਆਵਾਂ ਨਾਲ ਸਬੰਧਤ ਗੀਤ ਸ਼ਾਮਲ ਹਨ। ਇਨ੍ਹਾਂ ਗੀਤਾਂ ਦੀ ਭਾਸ਼ਾ ਠੇਠ, ਸਰਲ ਅਤੇ ਮੁਹਾਵਰੇਦਾਰ ਹੈ। ਇਨ੍ਹਾਂ ਗੀਤਾਂ

ਵਿੱਚੋਂ ਕੁਝ ਗੀਤ ਏਨੇ ਪ੍ਰਚਲਿਤ ਹੋਏ ਕਿ ਇਹ ਲੋਕਗੀਤਾਂ ਵਰਗਾ ਰੁਤਬਾ ਪ੍ਰਾਪਤ ਕਰ ਚੁੱਕੇ ਹਨ। ਜੈਤੋਈ ਦੇ ਗੀਤ ਪੇਂਡੂ ਲੋਕ ਜੀਵਨ ਦੇ ਏਨਾ ਨੇੜੇ ਹਨ ਕਿ ਇਨ੍ਹਾਂ ਗੀਤਾਂ ਰਾਹੀਂ ਪੇਂਡੂ ਲੋਕ ਜੀਵਨ ਦੀ ਇਕ ਪੂਰੀ ਅਤੇ ਮਨਮੋਹਕ ਤਸਵੀਰ ਸਾਕਾਰ ਹੋ ਜਾਂਦੀ ਹੈ -

*ਤਿੰਞਣਾਂ ਦੇ ਵਿਚ ਚਰਖੇ ਘੂਕਣ,*
*ਗੋਰੀ ਗਾਵੇ ਗੀਤ ਕੁੜੇ !*
*ਕੋਈ ਤੋੜ ਗਿਆ ਹੈ ਪ੍ਰੀਤ ਕੁੜੇ ।*

*ਆਇਆ ਪਿੰਡ 'ਚ ਸੁਣੀਂਦੈ ਵਣਜਾਰਾ,*
*ਨੀ ਸੱਦ ਲਿਆ ਨਨਾਣੇਂ ਰਾਣੀਏ।*
*ਆਪੇ ਸਾਂਭ ਲਊਂ ਮੈਂ ਕੰਮ-ਧੰਦਾ ਸਾਰਾ,*
*ਨੀ ਸੱਦ ਲਿਆ ਨਨਾਣੇਂ ਰਾਣੀਏਂ।*

ਦੀਪਕ ਜੈਤੋਈ ਦੀ ਸਿਰਜਣਾ ਹਮੇਸ਼ਾ ਸਮਾਜਿਕ ਅਸਾਂਵੇਪਣ ਦਾ ਪਰਦਾਫ਼ਾਸ਼ ਕਰਦੀ ਹੈ। ਉਸਦੇ ਗੀਤ ਸਾਡੇ ਸਮਾਜਿਕ ਯਥਾਰਥ ਨੂੰ ਬਹੁਤ ਸੋਹਣੇ ਢੰਗ ਨਾਲ ਪੇਸ਼ ਕਰਦੇ ਹਨ। ਇਹ ਗੀਤ ਸਾਡੇ ਸੱਭਿਆਚਾਰਕ ਇਤਿਹਾਸ ਦੀ ਸਿਰਫ ਪ੍ਰਸੰਸਾਂ ਨਹੀਂ ਕਰਦੇ ਸਗੋਂ ਉਸਦੇ ਵਿਭਿੰਨ ਪੱਖਾਂ ਦਾ ਵਰਨਣ ਕਰਦੇ ਹਨ। ਡਾ. ਮੋਹਨ ਤਿਆਗੀ ਇਸ ਬਾਬਤ ਇਸ ਤਰਾਂ ਦਾ ਮਤ ਪੇਸ਼ ਕਰਦਾ ਹੈ -

*"ਦੀਪਕ ਜੈਤੋਈ ਨੇ ਉਸ ਵੇਲੇ ਗੀਤ ਰਚਨਾ ਸ਼ੁਰੂ ਕੀਤੀ ਜਦੋਂ ਦੇਸ਼ ਆਜਾਦ ਤਾਂ ਹੋ ਜਾਂਦਾ ਹੈ ਪਰਤੂੰ ਭਾਰਤੀ ਸਮਾਜ ਵਿੱਚ ਆਰਥਿਕ ਅਤੇ ਸਮਾਜਿਕ ਅਸਾਵੇਂਪਣ ਦੀ ਸਥਿਤੀ ਉਸੇ ਤਰਾਂ ਬਰਕਰਾਰ ਰਹਿੰਦੀ ਹੈ। ਦੀਪਕ ਜੈਤੋਈ ਦੇ ਗੀਤ ਸਾਡੇ ਸਮਾਜਿਕ ਮਸਲਿਆਂ ਤਲਖ਼ੀਆਂ ਅਤੇ ਝੋਰਿਆਂ ਦਾ ਬੜੇ ਮਾਰਮਿਕ ਢੰਗ ਨਾਲ ਪ੍ਰਗਟਾਵਾ ਕਰਦੇ ਹਨ। ਦੀਪਕ ਜੈਤੋਈ ਦੇ ਗੀਤ ਸਾਡੇ ਸਮਾਜ ਪ੍ਰਤੀ ਗਹਿਰੀ ਪ੍ਰਤੀਬੱਧਤਾ ਜ਼ਾਹਿਰ ਕਰਦੇ ਹਨ ।"*[3]

ਸਾਡੇ ਸੱਭਿਆਚਾਰਕ ਯਥਾਰਥ ਦੀ ਤਸਵੀਰ ਦੀਪਕ ਜੈਤੋਈ ਦੇ ਗੀਤਾਂ ਵਿੱਚ ਸਤੁੰਲਤ ਰੂਪ ਵਿੱਚ ਵਿਖਾਈ ਦਿੰਦੀ ਹੈ। ਅਜਿਹੇ ਗੀਤ ਦੀਪਕ ਜੈਤੋਈ ਦੀ ਪਹਿਚਾਣ ਬਣੇ ਹਨ। ਇਸ ਦੀਆਂ ਕੁਝ ਉਦਹਾਰਨਾਂ ਇਸ ਪ੍ਰਕਾਰ ਹਨ-

1. *ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ*
2. *ਗੱਲ ਸੋਚ ਕੇ ਕਰੀਂ ਜ਼ੈਲਦਾਰਾ ਵੇ ਅਸੀਂ ਨਈਂ ਕਨੈੜ ਝੱਲਣੀ*
3. *ਕਿਹੜੀ ਮੋਰਨੀ ਝੂਲਦੀ ਆਵੇ ਪਿੰਡ ਚ ਕਕਾਰਾ ਪੈ ਗਿਆ*
4. *ਡੂੰਗਾਂ ਬਾਜਰੇ ਦੇ ਸਿੱਟੇ, ਚੋਵੇਂ ਅੱਖਾਂ ਵਿੱਚ ਰੱਤ*

ਦੀਪਕ ਜੈਤੋਈ ਦੇ ਗੀਤ ਹਮੇਸ਼ਾ ਹੀ ਆਮ ਲੋਕਾਈ ਦੇ ਲੋਕ ਮਨ ਦੀਆਂ ਵੇਦਨਾਵਾਂ ਦੀ ਅਭਿਵਿਅਕਤੀ ਕਰਦੇ ਹਨ। ਜਿਸ ਵਿੱਚ ਸਾਡਾ ਰਿਸ਼ਤੇ ਪ੍ਰਬੰਧ ਦਾ ਸੁਹਜ ਉੱਘੜ ਕੇ ਸਾਹਮਣੇ ਆਉਂਦਾ ਹੈ। ਇਸੇ ਖ਼ੂਬੀ ਦੀ ਪੁਸ਼ਟੀ ਡਾ. ਨਰੇਸ਼ ਦਾ ਇਹ ਮਤ ਕਰਦਾ ਹੈ-

*"ਦੀਪਕ ਜੈਤੋਈ ਦੇ ਗੀਤ ਪੰਜਾਬੀ ਸੱਭਿਆਚਾਰ ਦੀ ਤਸਵੀਰਕਾਰੀ ਕਰਦੇ ਨਜ਼ਰ ਆਉਂਦੇ ਹਨ। ਪੰਜਾਬੀ ਰਿਸ਼ਤਿਆਂ/ ਨਾਤਿਆਂ ਦੇ ਖੱਟੇ/ਮਿੱਠੇ ਮੁਹੱਬਤੀ ਮਰਹਲੇ ਜਿਹੜੇ ਪੰਜਾਬੀ ਮਨੁੱਖ ਦੇ ਜੀਵਨ ਨੂੰ ਗਤੀ ਦਿੰਦੇ ਹਨ, ਦੀਪਕ ਜੈਤੋਈ ਨੇ ਉਹ ਪਲਾਂ/ਛਿਣਾਂ ਨੂੰ ਆਪਣੇ ਗੀਤਾਂ ਵਿੱਚ ਪਰੋਣ ਦਾ ਯਤਨ ਕੀਤਾ ਹੈ। ਦੀਪਕ ਜੈਤੋਈ ਦੇ ਗੀਤਾਂ ਦੀ ਇਕ ਜੁਗਤ ਸੰਵਾਦ ਹੈ। ਇਹ ਸੰਵਾਦ ਨੂੰਹ-ਸੱਸ, ਪਤੀ-ਪਤਨੀ, ਨਨਾਣ-ਭਰਜਾਈ, ਜੇਠ-ਭਰਜਾਈ ਅਤੇ ਸਹੇਲੀਆਂ ਵਿਚਾਲੇ ਹੁੰਦਾ ਹੈ ।"*[4]

ਦੀਪਕ ਜੈਤੋਈ ਦੀ ਗੀਤ ਸੰਗ੍ਰਹਿ-'ਆਹ ਲੈ ਮਾਏ ਸਾਂਭ ਕੁੰਜੀਆਂ' ਜਦੋਂ ਪ੍ਰਕਾਸ਼ਿਤ ਹੋਇਆ ਤਾਂ ਪੰਜਾਬੀ ਪਾਠਕ ਤੇ ਵਿਦਵਾਨਾਂ ਨੇ ਜਿਹੜੇ ਗੀਤਾਂ ਨੂੰ ਲੋਕਗੀਤ ਸਮਝਿਆ, ਉਹ ਵੀ ਦੀਪਕ ਜੈਤੋਈ ਦੇ ਗੀਤ ਹੀ ਸਨ। ਇਨ੍ਹਾਂ ਗੀਤਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਪੰਜਾਬੀ ਦੀ ਪ੍ਰਸਿੱਧ ਗਾਇਕਾਂ ਨੇ ਇਨ੍ਹਾਂ ਨੂੰ ਨਿਵੇਕਲੇ ਅੰਦਾਜ਼ ਵਿਚ ਗਾਇਆ ਹੈ। ਹਰ ਵਿਆਹ ਵਿਚ ਡੋਲੀ ਤੁਰਨ ਵੇਲੇ ਇਹ ਗੀਤ ਗਾਏ ਜਾਂਦੇ ਸਨ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਗੀਤਾਂ ਵਿਚ ਪੰਜਾਬ ਦੇ ਲੋਕ ਜੀਵਨ ਦਾ ਭਰਵਾਂ ਚਿਤਰਨ ਹੋਇਆ ਹੈ। ਨਿੱਜੀ ਪਿਆਰ ਤੋ ਲੈ ਕੇ ਸਮਾਜਕ ਸਮੱਸਿਆਵਾਂ ਬਾਰੇ ਕਵੀ ਨੇ ਬਹੁਤ ਵਿਲੱਖਣ ਗੀਤ ਦੀਪਕ ਜੈਤੋਈ ਨੇ ਲਿਖੇ ਹਨ। ਦੀਪਕ ਜੈਤੋਈ ਦੇ ਸਿਰਫ ਗੀਤ ਹੀ ਨਹੀਂ ਉਸਦੀਆਂ ਗ਼ਜ਼ਲਾਂ, ਕਵਿਤਾ ਨੇ ਵੀ ਪਾਠਕਾਂ ਦੇ ਦਿਲਾਂ ਨੂੰ ਟੁੰਬਿਆ ਹੈ। ਇੱਕੋ ਸਮੇਂ ਏਨੀਆਂ ਵਿਧਾਵਾਂ ਦੇ ਸਿਰਜਣਾ ਤੇ ਨਿਭਾਅ ਬੜਾ ਔਖਾ ਕਾਰਜ ਹੈ। ਜੋ ਦੀਪਕ ਜੈਤੋਈ ਨੇ ਬੜੇ ਸਹਿਜਤਾ ਨਾਲ ਨੇਪਰੇ ਚਾੜ੍ਹਿਆ। ਇਹੀ ਕਾਰਨ ਹੈ ਕਿ ਦੀਪਕ ਜੈਤੋਈ ਆਪਣੇ ਸਮੇਂ ਦਾ ਪ੍ਰਤਿਭਾਸ਼ਾਲੀ ਕਵੀ, ਗੀਤਕਾਰ ਅਤੇ ਗ਼ਜ਼ਲਗੋ ਹੈ। ਉਸ ਉਸਦੇ ਕਾਵਿ ਸੰਸਾਰ ਵਿਸ਼ੇਸ ਗੁਣਾਂ ਦਾ ਧਾਰਨੀ ਹੈ। ਦੀਪਕ ਜੈਤੋਈ ਪੰਜਾਬੀ ਸੱਭਿਆਚਾਰ ਦੀ ਅਭਿਵਿਅਕਤੀ ਲੋਕ ਭਾਸ਼ਾ ਵਿੱਚ ਕਰਨ ਵਾਲਾ ਪ੍ਰਬੁੱਧ ਕਲਾਕਾਰ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਸੁਲੱਖਣ ਸਰਹੱਦੀ, ਪਿੰਗਲ ਅਤੇ ਅਰੂਜ਼ ਸੰਦਰਭ ਕੋਸ਼, ਪੰਜਾਬੀ ਯੂਨੀ. ਪਟਿਆਲਾ, 2015, ਪੰਨਾ 297*
2. *ਦੀਪਕ ਜੈਤੋਈ, ਗ਼ਜ਼ਲ ਕੀ ਹੈ, ਸੰਗਮ ਪਬਲੀਕੇਸ਼ਨ ਸਮਾਣਾ, 2011, ਪੰਨਾ 23*
3. *ਡਾ. ਮੋਹਨ ਤਿਆਗੀ, ਦੀਪਕ ਜੈਤੋਈ ਜੀਵਨ ਤੇ ਰਚਨਾ, ਪੰਜਾਬੀ ਯੂਨੀ. ਪਟਿਆਲਾ, 2016, ਪੰਨਾ 42*
4. *ਡਾ. ਨਰੇਸ਼ ਕੁਮਾਰ (ਸੰਪਾ.), ਦੀਪਕ ਜੈਤੋਈ ਸਿਰਜਣਾ ਤੇ ਸੰਵਾਦ, ਮਨਪ੍ਰੀਤ ਪ੍ਰਕਾਸ਼ਨ ਦਿੱਲੀ, 2021, ਪੰਨਾ 24*